**16ਵੀਂ ਵਿਧਾਨ ਸਭਾ**

**ਪਹਿਲਾ ਸਮਾਗਮ**

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 2**

**ਸੋਮਵਾਰ, 21 ਮਾਰਚ, 2022**

(ਸਵੇਰੇ 11:00 ਵਜੇ ਪੂਰਵ ਦੁਪਹਿਰ ਤੋਂ 12:09 ਵਜੇ ਬਾਅਦ ਦੁਪਹਿਰ ਤੱਕ)

1. **ਮੈਂਬਰਾਂ ਦੁਆਰਾ ਸਹੁੰ ਜਾਂ ਪ੍ਰਤਿਗਿਆ:-**

ਦੋ ਮਾਨਯੋਗ ਮੈਂਬਰ, ਜਿਨ੍ਹਾਂ ਨੇ ਪਹਿਲਾਂ ਸਹੁੰ ਨਹੀਂ ਚੁਕੀ ਸੀ, ਨੂੰ ਇੱਕ-ਇੱਕ ਕਰਕੇ ਸਹੁੰ ਚੁਕਾਈ ਗਈ।

2. **ਸਪੀਕਰ ਦੀ ਚੋਣ:-**

ਮਾਨਯੋਗ ਮੁੱਖ ਮੰਤਰੀ ਨੇ ਪ੍ਰਸਤਾਵ ਕੀਤਾ ਕਿ ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ. ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿਚ ਹਾਜ਼ਰ ਹਨ, ਉਹਨਾਂ ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ।

ਸਰਦਾਰ ਹਰਪਾਲ ਸਿੰਘ ਚੀਮਾ, ਮੰਤਰੀ ਨੇ ਪ੍ਰਸਤਾਵ ਦੀ ਪ੍ਰੋੜ੍ਹਤਾ ਕੀਤੀ।

ਸਪੀਕਰ ਦੇ ਅਹੁਦੇ ਲਈ ਕਿਸੇ ਵੀ ਹੋਰ ਮੈਂਬਰ ਦਾ ਨਾਮ ਪੇਸ਼ ਨਾ ਹੋਣ ਕਰਕੇ ਸ. ਕੁਲਤਾਰ ਸਿੰਘ ਸੰਧਵਾਂ ਐਮ.ਐਲ.ਏ ਸਰਬਸੰਮਤੀ ਨਾਲ ਸਪੀਕਰ ਵਜੋਂ ਚੁਣੇ ਗਏ।

ਮਾਨਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਮੰਤਰੀ, ਸਪੀਕਰ ਦੇ ਮੰਚ ਤੱਕ ਗਏ ਅਤੇ ਉਨ੍ਹਾਂ ਨੇ ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਨਯੋਗ ਸਪੀਕਰ ਨੂੰ ਵਧਾਈ ਦਿੱਤੀ ਅਤੇ ਰਸਮੀ ਤੌਰ ਤੇ ਕੁਰਸੀ ਤੇ ਬਿਠਾਇਆ।

3. **ਵਧਾਈ ਭਾਸ਼ਣ:-**

ਸਭ ਤੋਂ ਪਹਿਲਾਂ ਮਾਨਯੋਗ ਮੁੱਖ ਮੰਤਰੀ ਨੇ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੂੰ ਉਨ੍ਹਾਂ ਦੇ ਸਰਬ-ਸੰਮਤੀ ਨਾਲ ਸਪੀਕਰ ਵਜੋਂ ਚੁਣੇ ਜਾਣ ਤੇ ਵਧਾਈ ਦਿੱਤੀ। ਇਸ ਤੋਂ ਬਾਅਦ ਨਿਮਨਲਿਖਤ ਮਾਨਯੋਗ ਮੈਂਬਰਾਂ ਨੇ ਵਧਾਈ ਭਾਸ਼ਣ ਦਿੱਤਾ-

1. ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ , ਇੰਡੀਅਨ ਨੈਸ਼ਨਲ ਕਾਂਗਰਸ
2. ਸ. ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ
3. ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ
4. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ
5. ਸ. ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ
6. ਸ. ਪ੍ਰਤਾਪ ਸਿੰਘ ਬਾਜਵਾ, ਇੰਡੀਅਨ ਨੈਸ਼ਨਲ ਕਾਂਗਰਸ
7. ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ
8. ਡਾ. ਸੁਖਵਿੰਦਰ ਕੁਮਾਰ ਸੁਖੀ, ਸ਼੍ਰੋਮਣੀ ਅਕਾਲੀ ਦਲ
9. ਸ਼੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ
10. ਡਾ. ਇੰਦਰਬੀਰ ਸਿੰਘ ਨਿੱਜਰ, ਆਮ ਆਦਮੀ ਪਾਰਟੀ
11. ਡਾ. ਰਾਜਕੁਮਾਰ ਚੱਬੇਵਾਲ, ਇੰਡੀਅਨ ਨੈਸ਼ਨਲ ਕਾਂਗਰਸ
12. ਸ. ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ
13. ਸ.ਤਰਨਪ੍ਰੀਤ ਸਿੰਘ ਸੌਂਦ, ਆਮ ਆਦਮੀ ਪਾਰਟੀ

14. ਸ. ਗੁਰਮੀਤ ਸਿੰਘ ਮੀਤ ਹੇਹਰ, ਮੰਤਰੀ

15. ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ

16. ਸ. ਪ੍ਰਗਟ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ

17. ਸ. ਕੁਲਦੀਪ ਸਿੰਘ ਧਾਲੀਵਾਲ, ਮੰਤਰੀ।

ਇਸ ਉਪਰੰਤ ਮਾਨਯੋਗ ਸਪੀਕਰ ਨੇ ਸਦਨ ਦੇ ਨੇਤਾ ਸਰਦਾਰ ਭਗਵੰਤ ਮਾਨ, ਮੁੱਖ ਮੰਤਰੀ ਅਤੇ ਸਾਰੇ ਸਤਿਕਾਰਯੋਗ ਮੈਂਬਰਾਂ ਵਲੋਂ ਉਨ੍ਹਾਂ ਨੂੰ ਸਰਬ-ਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਵਧਾਈ ਦੇਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਉਨ੍ਹਾਂ ਨੇ ਸਮੂਹ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸਥਾਪਿਤ ਪੰਰਪਰਾਵਾਂ ਅਤੇ ਨਿਯਮਾਂ ਤਹਿਤ ਸਭ ਦੀਆਂ ਉਮੀਦਾਂ ਤੇ ਖਰਾ ਉਤਰਨ ਦੀ ਹਰ ਸਭੰਵ ਕੋਸ਼ਿਸ਼ ਕਰਨਗੇ। ਉਨ੍ਹਾਂ ਵੱਲੋਂ ਪਾਰਟੀ ਦੀ ਸੀਨੀਅਰ ਲੀਡਰਸ਼ਿੱਪ ਦਾ ਵੀ ਧੰਨਵਾਦ ਕੀਤਾ ਗਿਆ। ਉਨ੍ਹਾਂ ਨੇ ਮੈਂਬਰਾਂ ਦੇ ਸਹਿਯੋਗ ਨਾਲ ਸਦਨ ਦੀ ਕਾਰਵਾਈ ਨੂੰ ਸਥਾਪਿਤ ਪਰੰਪਰਾਵਾਂ ਅਤੇ ਨਿਯਮਾਂ ਅਨੁਸਾਰ ਸੁਚਾਰੂ ਤਰੀਕੇ ਨਾਲ ਚਲਾਉਣ, ਵਿਰੋਧੀ ਧਿਰ ਵੱਲੋਂ ਉਚ ਸੰਸਦੀ ਰਵਾਇਤਾਂ ਦੀ ਸ਼ਾਨ ਤੇ ਮਜ਼ਬੂਤੀ ਲਈ ਡਿਬੇਟਸ ਵਿੱਚ ਭਾਗ ਲੈਣ, ਨਵੇਂ ਚੁਣੇ ਗਏ ਵਿਧਾਇਕਾਂ ਵੱਲੋਂ ਰੂਲਜ਼ ਨੂੰ ਪੜ੍ਹਨ, ਪ੍ਰੈਸ ਵੱਲੋਂ ਉਸਾਰੂ ਸੋਚ ਨੂੰ ਅੱਗੇ ਰੱਖ ਕੇ ਚੰਗੀਆਂ ਡਿਬੇਟਸ ਨੂੰ ਪ੍ਰਮੁਖਤਾ ਨਾਲ ਛਾਪਣ, ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਸਿਲੇਬਸ ਤੋਂ ਬਾਹਰ ਜਾਕੇ ਵਿਧਾਨ ਸਭਾ ਦੀਆਂ ਡਿਬੇਟਸ ਪੜ੍ਹਨ ਅਤੇ ਸਦਨ ਦੀ ਕਾਰਵਾਈ ਦੇਖਣ ਤੇ ਜ਼ੋਰ ਦਿੱਤਾ।

ਇਸ ਉਪਰੰਤ, ਸਦਨ ਮੰਗਲਵਾਰ ਮਿਤੀ 22 ਮਾਰਚ, 2022 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ:

21ਮਾਰਚ, 2022

ਸੁਰਿੰਦਰ ਪਾਲ,

ਸਕੱਤਰ ।